ست وارا

# ਸਤ ਵਾਰ

ਕ੍ਰਿਤ ਕਵਿ ਬਾਵਾ ਬਿਸ਼ਨਸਿੰਘ ਸੰਤ

ਜੋ

ਮੁਨਸ਼ੀ ਗੁਲਾਬਸਿੰਘ ਐਂਡ ਸਨਜ਼

ਨੇ

ਅਪਨੇ ਮਤਬਾ ਮੁਫ਼ੀਦ ਆਮ

ਲਾਹੌਰ ਮੇਂ ਛਾਪਾ

੧੮ ੯੬ ਈ:

ਕ ਭ ਫੇ ਸਾ ਨੂੰ ਅ ਨ ਰੂ ਖ ਗ

(M)
0153,1MB131
C6

ੴ ਸਤਿਗੁਰਪ੍ਰਸਾਦਿ ॥

ਅਥਸਤਵਾਰਾਕ੍ਰਿਤ ਕਵਿ ਬਿਸ਼ਨਸਿੰਘਲਿਖਜਤੇ ਕਬਿੱਤ ॥ ਬਗੀਸ਼ਰੀ ਮਨਾਇਕੇ ਕਵੀਸ਼ਰੀ ਅਲਾਇ ਮੂਕ ਈਸ਼ਰੀ ਕਾ ਧਿਆਨ ਜੋਈ ਚੀਤ ਮੈ ਧਰੱਤ ਹੈ। ਸੇਸ ਔ ਮਹੇਸ ਦੇਵ ਆਦਿ ਮੈ ਮਨਾਊ ਜਾਕੋ ਘਨ ਨਨ ਨਨ ਘੰਟੇ ਦੁਆਰ ਮੈ ਕਰੱਤ ਹੈ। ਬਿਆਸ ਔ ਬਸ਼ਿਸ੍ਟ ਆਦਿ ਕਵੀ ਨੈ ਮਨਾਈ ਮਾਤ ਲੱਟ ਲੱਟ ਲਾਟਾਂ ਤੇਰੇ ਭਉਨ ਮੈ ਜਰੱਤ ਹੈ। ਛੱਤ੍ਰ ਚੰਮਰ ਅਮਰ ਫੇਰਤ ਹੈ ਨੀਤ ਜਾਕੇ ਬਿਸ਼ਨ ਸਿੰਘ ਨਮੋ ਮਾਤ ਸਾਰਦਾ ਕਰੱਤ ਹੈ ॥੧॥ਕਃ ॥ਐਤਵਾਰਆਸ਼ਕਾ ਨੂੰ ਮੁਖੜਾਂ ਦਿਖਾਊ ਮੁਈਏ ਦੂਰੋਂ ਆਏ ਚਲ ਅਸੀ ਵਾਸਤੇ ਦੀਦਾਰ ਨੀ। ਚੰਦ ਜੇਹੇ ਮੁਖ ਨੂੰ ਨਾ ਬੱਦਲਾਂ ਦੀ ਓਟ ਕਰ ਸੁਣਦਾ ਜਹਾਨ ਤੇਰਾ ਰੂਪ ਬੇ ਸ਼ੁਮਾਰ ਨੀ। ਖੁਲੀ ਹੋਵੇ ਹੱਟ ਲੋਕ ਕਰਦੇ ਖਰੀਦ ਸਭ ਰਖਦੇ ਅੜਾਇ ਸੋਈ ਮੂਰਖ ਗਵਾਰਨੀ ॥ ਕਹੇ ਬਿਸ਼ਨ ਸਿੰਘ ਮੁਖ ਦੇਖਿਆਂ

ਨਾ ਘਟੇ ਕੁਛ ਮੋਤੀ ਫੁੱਲ ਲਾਲ ਭਾਵੇਂ ਰਖੀਏ ਬਜਾਰ ਨੀ ॥ ੨ ॥ ਕਃ ॥ ਸੋਮਵਾਰ ਵਾਰ ਵਾਰ ਸ਼ੁਕਰ ਗੁਜਾਰ ਦੇ ਹਾਂ ਤੇਰੇ ਜੈਸੀ ਨਾਰ ਦਾ ਦੀਦਾਰ ਜਦੋਂ ਪਾਈਏ। ਘੁੰਡ ਵਾਲੀ ਰੀਤ ਤੋਂ ਕੀ ਖੱਟਣਾ ਜਹਾਂਨ ਵਿਚੋਂ ਦੇਖਕੇ ਸੁਆਲੀਆਂ ਨੂੰ ਬੂਹਾ ਨਾ ਅੜਾਈਏ। ਰੂਪ ਧਨ ਮਾਲ ਛਾਂਉ ਬੱਦਲਾਂ ਦੀ ਜਾਨ ਸਭੋ ਹੁੰਦੇ ਧਨ ਮਾਲ ਨੀ ਕੰਗਾਲ ਨਾ ਸਦਾਈਏ। ਅੰਨ੍ਹੀ ਕਾਣੀ ਕਮਲੀ ਜਹਾਨ ਸਾਰਾ ਆਖਦਾ ਹੈ ਕਹੇ ਬਿਸ਼ਨ ਸਿੰਘ ਜਦੋ ਮੁਖ ਨਾ ਦਿਖਾਈਏ ॥ ੩ ॥ ਕਃ ॥ ਮੰਗਲ ਮਰੋੜ ਤੋੜ ਜੰਦਰਾ ਤੂੰ ਘੁੰਡ ਵਾਲਾ ਕੁਲਫ ਜੰਜੀਰੀਆਂ ਨੂੰ ਦੇਈ ਹੁਣ ਖੋਲਨੀ। ਅਕਲ ਸਕਲ ਭਾਗਵਾਲਿਆਂ ਨੂੰ ਦੇਵੇ ਰੱਬ ਆਇਕੇ ਮਿਹਰ ਘਰ ਮੂੰਹੋ ਕੁਛ ਬੋਲਨੀ। ਹੀਰੇ ਮੋਤੀ ਮਾਣਿਕ ਮਾਲੂਮ ਹੋਣ ਲਾਲ ਤੇਰੇ ਆਏ ਹੈ ਬਪਾਰੀ ਪਿਆਰੀ ਕਰੀਂ ਝੱਬੇ ਮੋਲਨੀ। ਪਾਰਖੂ ਦੇ ਪਾਸ ਨੀ ਨਾ ਰਖੀਏ ਲਕੋਇ ਛ ਬਣੇ ਜਦੋ ਮੁੱਲ ਬਿਸ਼ਨਸਿੰਘ ਦੇਹਿ ਤੋਲਨੀ ॥ ੪ ॥ ਕਃ ॥ ਬੁੱਧ ਵਾਰ ਬੁੱਧਵਾਨ ਜਾਨ

ਅਖੀਆਂ ਅੰਗਿਆਰ ਵਾਂਗ ਭਖਦੀਆਂ ਰਖੀਆਂ
ਕਿਉਂ ਤੰਗ ਸੰਗ ਮਨ ਮੁਸਕਾਉਂਦੀ । ਆਖ
ਦੇਹਾਂ ਬਾਰਬਾਰ ਆਵੇ ਨਾ ਵ੍ਰਿਚਾਰ ਤੈਨੂੰ ਹੋਇ
ਕੇ ਸੁਚੇਤ ਮੁੱਖ ਕਾ ਨਾ ਵਿਖਾਉਂਦੀ । ਮੁਖ
ਮੋਤੀ ਫੁੱਲਾ ਨੂੰ ਨ ਸੂਲਾਂ ਵਿਚ ਪਾਉ ਨੱਢੀ
ਕਹੇ ਬਿਸ਼ਨ ਸਿੰਘ ਜੁਆਨੀ ਹਥ ਨਹੀ ਆਂਵ
ਦੀ ॥ ੭ ॥ ਕਃ ॥ ਵਾਰ ਜਦੋਂ ਆਇਆ ਮਾਨ
ਆਪਨਾ ਗਵਾਇਆ ਤਾਂ ਸ੍ਵਾਲ ਤੈਨੂੰ ਪਾਇਆ
ਮੁਖ ਦੇਖਣੇ ਦੀ ਭੁਖ ਨੀ । ਤੇਰਾ ਮੁਖ ਚੰਦਵੇਖ
ਹੋਇਗਜਾ ਅਨੰਦ ਵਡਾ ਦੇਖਕੇਚਕੋਰ ਚੰਦ ਪਾਵੇ
ਜਿਵੇਂ ਸੁਖ ਨੀ । ਜਗ ਵਾਲੇ ਬਾਗ ਵਿਚ ਬਣੀ
ਤੂੰ ਚਰਾਗ ਇਕ ਸੋਹਿੰਦਾ ਸਰੀਰ ਜਿਵੇਂ ਚੰਦ
ਨ ਦਾ ਰੁੱਖ ਨੀ । ਕਹੇ ਬਿਸ਼ਨਸਿੰਘ ਨੀ ਨਾ ਹੋਰ
ਕੋਈ ਲੋੜ ਸਾਨੂੰ ਹੋਇਕੇ ਅਨੰਦ ਜੋ ਦਿਖਾਈਂ
ਇਕ ਮੁੱਖਨੀ ॥ ੮ ॥ ਕਃ ॥ ਅਰਕਵਾਰ ਆਸ
ਕਾਂ ਦਾ ਮੰਨਿਆ ਸ੍ਵਾਲ ਜਦੋਂ ਦਿਤੀ ਹੈ ਦਿਖਾਲੀ
ਚੰਦ ਨਾਲ ਆਫਤਾਬ ਦੇ । ਨੱਕ ਖੰਡੇ ਧਾਰ ਦੰਦ
ਦਾਨੇ ਜਿਉਂ ਅਨਾਰ ਜਿਵੇਂ ਸੇਉ ਰੁੱਖਸਾਰ ਨੈਣ
ਫੁੱਲ ਹੈ ਗੁਲਾਬ ਦੇ । ਹੋਠ ਹੈ ਗੁਲਾਲ ਲਾਲ

ਕਹਿਆ ਤੇਰੇ ਤਾਂਈ ਮੂਰਖ ਗਵਾਰ ਤਾਂਈ ਮੂਲ ਨ ਬੁਲਾਂਵਦੇ । ਬੁਧਿਵਾਨ ਸੋਈ ਜਿਨ ਮਨਦੀ ਮਰੋੜ ਵੋਣੀ ਰਖਦੇ ਹੈਂ ਜਿਦ ਸੋਈ ਮੂਰਖ ਕਹਾਂਵਦੇ । ਸਖੀ ਸੋਈ ਜਾਣੀਏ ਸਵਾਲ ਕਰੇ ਪੂਰਾ ਜੋਈ ਸੂਮ ਦੇਖ ਸੁਾਲੀਆਂ ਨੂੰ ਬੂਹਾ ਹੈ ਅੜਾਂਵਦੇ । ਕਹੇ ਬਿਸ਼ਨਸਿੰਘ ਜਿੰਦ ਜਾਂਦੀ ਹੈ ਜਬਾਨੋਂ ਬੋਲ ਲਾਹਿ ਮੂੰਹੋਂ ਪੱਲਾ ਨੀ ਸੁਾਲ ਤੈਨੂੰ ਪਾਂਵਦੇ ॥ ੫॥

ਕਃ ॥ ਚੜ੍ਹੇ ਵੀਰਵਾਰ ਤਾ ਲਚਾਰ ਕੀਤਾ ਅਖੀ ਆਂ ਨੂੰ ਹੋਇਆ ਕੀ ਗੁਨਾਹ ਭੈੜੀ ਕੀਤੀਆਂ ਹੈ ਕੈਦ ਨੀ । ਘੁੰਡ ਵਾਲੀ ਰੀਤ ਕਿਸੇ ਚੰਦਰੇ ਚ-ਲਾਈ ਜਗ ਘੁੰਡ ਪਾਪੀ ਸੋਹਣਿਆਂ ਨੂੰ ਕਰਦਾ ਸੁਪੈਦ ਨੀ । ਹਾਸਤੇ ਬਿਲਾਸ ਨਾਲੇ ਆਸ ਕਰ ਆਏ ਪਾਸ ਸੂਲਾਂ ਵਾਲਾ ਮੋੜਾ ਗੱਡ ਕੀਤੇ ਬੇ ਉਮੈਦ ਨੀ । ਘੁੰਡ ਵਾਲੇ ਰੋਗਨੇ ਜਹਾਨ ਨੂੰ ਵੈਰਾਨ ਕੀਤਾ ਕਰਦੇ ਅਰੋਗ ਬਿਸ਼ਨ ਸਿੰਘ ਜੇਹੇ ਬੈਦਨੀ ॥ ੬ ॥ ਕਬਿਤ ॥ ਸ਼ੁਕੂ ਸਰੀਰ ਨੂੰ ਨਾ ਸਾੜ ਅੱਗ ਘੁੰਡ ਵਾਲੀ ਖਾਲੀ ਕਿਉਂ ਜ-ਹਾਨੋਂ ਰੂਪ ਹੁੰਦਿਆਂ ਸਦਾਉਂਦੀ । ਘੁੰਡ ਵਿਚ

ਵਾਲ ਕਾਲੇ ਸੋਭ ਰਹੇ ਜੁਲਫ ਲਟੱਕ ਜਿਉ ਲਟਕਿ ਬਚੇ ਨਾਗਦੇ। ਬਿਸ਼ਨਸਿੰਘ ਕਹੇ ਪੁਕਾਰ ਨਾਰ ਰੂਪ ਬੇ ਸੁਮਾਰ ਧਾਰੋ ਵੇਖਕੇ ਸ਼ਕਲ ਸੂਲੀ ਆਸ਼ਕ ਹੈ ਝਾਗਦੇ ॥ ੯ ॥ ਕਬਿਤ ॥ ਮੁਖੜਾ ਦਿਖਾਇ ਰੂਪ ਤੇਰਾ ਨਹੀ ਘਟਿ ਜਾਵੇ ਬੋਲਿਆਂ ਜਬਾਨ ਦਾ ਨਾਰਸ ਕਿਸੇ ਧੋਵਣਾ ॥ ਚੰਦ ਦੇ ਸਮਾਨ ਨਹੀਂ ਚਾਦਣੀ ਜਹਾਂਨ ਵਿਚ ਤੇਰੇ ਜੇਹਾ ਰੂਪ ਤਾਂ ਕਿਸੇ ਦਾ ਨਹੀ ਹੋਵਣਾ ॥ ਅਕਲ ਸਹੂਰ ਵਾਲੇ ਤਾਹੀ ਰਬ ਰੂਪ ਦਿਤਾ ਮੁਖ ਉਤੇ ਪੱਲਾ ਪਾਇ ਕਾਸਨੂੰ ਲਕੋਵਣਾ। ਕਹੇ ਬਿਸ਼ਨਸਿੰਘ ਪੁੰਨ ਦਾਨ ਅੰਗ ਸੰਗ ਚਲੇ ਤੇਰੇ ਜੇਹੀ ਨਾਰ ਨੂੰ ਨ ਸੂਮ ਚਹੀਏ ਹੋਵਣਾ ॥ ੧੦ ॥ ਕਃ ॥ ਸੁਣੋ ਪਿਆਰੀ ਨਾਰੀ ਤੁਝੇ ਕਹੂੰ ਵਾਰੋ ਵਾਰੀ ਮੁਝੇ ਏਹ ਚਾਉ ਭਾਰੀ ਜੋ ਦਿਦਾਰ ਕਰੂੰ ਮੁੱਖਦਾ। ਆਸਵੰਤ ਆਣਨੀ ਖਲੋਤਾ ਦਰਬਾਰ ਤੇਰੇ ਮੋੜਾ ਨਹੀ ਗੱਡ ਵੱਛ ਸੂਲਾਂ ਵਾਲੇ ਰੁਖਦਾ। ਸੁਾਲ ਹੈ ਸੁਾਲੀਆਂ ਦਾ ਨ ਤੇਰੇ ਅਗੇ ਪੇਸ਼ ਜਾਵੇ ਕਰੀਂ ਤੂੰ ਜਤੰਨ ਕੁਛ ਆਸ਼ਕਾਂ ਦੇ ਦੁਖ ਦਾ। ਬਿਸਨਸਿੰਘ ਨਾਰਧਾਰ

ਹੱਸਕੇ ਬੁਲਾਵੇਂ ਜਦੋਂ ਆਸ਼ਕਾਂਦੇਵਾਸਤੇ ਦਿਹਾੜਾ ਸੋਈ ਸੁਖਦਾ ॥ ੧੧ ॥ ਕਃ ॥ ਸੂਰਜ ਕੋ ਦੇਖ ਜੈਸੇ ਕੌਲ ਪ੍ਰਸਿਨ ਹੋਤ ਬਾਮਣ ਪ੍ਰਸਿਨ ਜੈਸੇ ਖੀਰ ਕੇ ਖੁਲਾਏ ਤੇ ॥ ਚੰਦ੍ਰਮਾ ਕੋ ਦੇਖ ਕੇ ਚਕੋਰ ਪ੍ਰਸਿਨ ਜੈਸੇ ਕਾਮੀ ਪ੍ਰਸਿਨ ਜੈਸੇ ਨਾਰਿ ਕੇ ਮਿਲਾਏ ਤੇ ॥ ਮੋਰ ਪ੍ਰਸਿਨ ਓਰ ਘਟਾ ਘੋਰ ਦੇਖਕੇ ਤੇ ਸਾਧੂ ਪ੍ਰਸਿਨ ਜੋ ਗੋਵਿੰਦ ਗੁਨ ਗਾਏਤੇ। ਰੰਕ ਪ੍ਰਸਿਨ ਧਨ ਪਾਇ ਬਿਸ਼ਨਸਿੰਘ ਜੈਸੇਤੈਸੇ ਪ੍ਰਸਿਨ ਹਾਂ ਦਿਦਾਰ ਤੇਰਾ ਪਾਇਕੇ ॥੧੨॥ਕਃ॥ ਤੀਆ ਕੀ ਪ੍ਰੀਤ ਬਾਲੀ ਗਾਲੀ ਰਜ ਧਾਨੀ ਸਭੋ ਤੀਆ ਕੀ ਪ੍ਰੀਤ ਇੰਦ੍ਰ ਭਈ ਭਗ ਭਾਰੀ ਆ। ਤੀਆ ਕੀ ਪ੍ਰੀਤ ਜਨਮੇਜੇ ਜੇਹੇ ਗਾਲ ਦੀਏ ਤੀਆਕੀ ਪ੍ਰੀਤ ਢਾਈਆਂ ਰਾਮਨੇ ਅਟਾ ਰੀਆ। ਤੀਆ ਕੀ ਪ੍ਰੀਤ ਸਿੰਙੀ ਰਿਖਨੇ ਭੁਲਾ ਇਆ ਜੋਗ ਤੀਆ ਕੀ ਪ੍ਰੀਤ ਰਾਜੇ ਭੋਜ ਅਸ ਵਾਰੀਆ। ਤੀਆ ਕੀ ਪ੍ਰੀਤ ਰਿਖੀ ਨਾਰਦ ਬਨਾਇਓ ਕਪ ਕਹੇ ਬਿਸ਼ਨਸਿੰਘ ਨਾਰੀਪ੍ਰੀਤ ਵਡੀ ਖੁਵਾਰੀਆ ॥ ੧੩ ॥ ਕਃ ॥ ਚਿਤ ਕੇ ਜੋ ਡੋਲਨੇ ਕੀ ਮਿਤ ਮੈ ਸੁਣਾਵਾਂ ਤੁਝੇ ਜੋ ਬਨ ਅੰ-

ਦੇਰੀ ਮਾਹਿ ਕੌਣ ਨਹੀ ਡੋਲਦਾ। ਬ੍ਰਹਮਾ
ਆਦਿ ਦੇਵਤਾ ਸੁ ਪੁਤ੍ਰੀ ਤੇ ਭੁਲ ਗਿਆ ਅੱਧੀ
ਰਾਤ ਇੰਦ੍ਰ ਅਹਿਲਿਆਂ ਨੂੰ ਟੋਲਦਾ। ਚੰਦ੍ਰਮਾਂ
ਭੁਲਾਇ ਮਾਰ ਨਾਰ ਗੁਰ ਯਾਰ ਭਏ ਵੇਖਕੇ
ਮਛੋਦਰੀ ਪਰਸਰਾਮ ਬੋਲਦਾ। ਕਹੇ ਬਿਸ਼ਨ
ਸਿੰਘ ਕਾਮਦੇਵ ਨੇ ਭੁਲਾਏ ਵਡੇ ਮੋਹਣੀ ਨੂੰ
ਵੇਖ ਸ਼ਿਵ ਜੱਤ ਸੱਤ ਘੋਲਦਾ ॥ ੧੪ ॥ ਕਃ॥
ਛਬ ਕੀ ਛਬੀਲੀ ਪਿਆਰੀ ਝਾਕਤੀ ਝਰੋਖਾ
ਬੀਚ ਨੈਨਨ ਕੇ ਨੇਜਾ ਸੇ ਕਲੇਜਾ ਕਾਢਿ ਲੇਗਈ
। ਸਾਵਰੀ ਸਲੋਨੀ ਗਜ ਗੋਨੀ ਮ੍ਰਿਗ ਲੋਚਨ
ਸੀ ਸੋਹਣੀ ਸੀ ਸੂਰਤ ਮਰੋਰ ਮਨ ਲੈਗਈ।
ਝਲਕਤ ਕਪੋਲ ਲੋਲ ਗੋਰੇ ਗੋਰੇ ਮੁਖੜੇ ਪਰ
ਅੰਤਰ ਤਬੋਲ ਬੋਲ ਲਲਕੇ ਸੇ ਕਹਿਗਈ।
ਭਨੇ ਬਿਸ਼ਨਸਿੰਘ ਪਿਆਰੀ ਆਇਕੇ ਝਰੋਖੇ
ਬੀਚ ਝਾਂਕ ਮੁਖ ਬਾਰੀ ਮੇ ਕਿਵਾਰੀ ਫਿਰ ਦੈ
ਗਈ॥ ੧੫ ॥ ਕਬਿੱਤ ॥ ਨਿਕਸੀ ਤੂ ਮੰਦਰ
ਸੇ ਚਾਲ ਹੈ ਗਜਿੰਦ੍ਰ ਸੀ ਆਵਤ ਲਪਟਾਤ ਬਾਤ
ਮੋਤੀਅਨ ਕੇ ਹਾਰਕੀ। ਪੈਰ ਮੈ ਪਜੇਬ ਸੋਹੇ
ਮਛਲੀ ਨਕ ਬੇਸਰ ਸੋਹੇ ਬਿਛੂਅਨ ਧਮਕਾਟ

ਸੁਨ ਝਾਂਝਰ ਛਨਕਾਰ ਕੀ । ਮੁਖ ਸੇ ਪਲੂਹ
ਹਟਿਓ ਬਾਦਰ ਸੇ ਚੰਦ ਛੁਟਿਓ ਬਾਜੂਬੰਦ
ਬਾਜ ਫੜ ਖੜੀ ਹੈ ਕਿਵਾਰਕੀ । ਬਿਸ਼ਨਸਿੰਘ
ਕਹੇ ਪੁਕਾਰ ਛਬਿ ਦੇਖੀ ਹੈ ਅਪਾਰ ਗਲ ਮੈ
ਅਨਾਮ ਮੂੰਗਾ ਚੌਕੀ ਹੱਸ ਹਾਰਕੀ ॥ ੧੬ ॥
ਕ: ॥ ਮੁਖ ਹੈ ਮਯੰਕ ਭੌਹਾਂ ਚਾਪ ਮੈਨ ਬੰਕ
ਕੁਚ ਪੀਨ ਛੀਨ ਲੰਕ ਜਨ ਰਚੀ ਮੁਖ ਚਾਰੀ
ਹੈ। ਲੋਚਨ ਬਿਸਾਲ ਭਾਲ ਲਾਲ ਬਿੰਬ ਹੋਠ
ਜਾਂਕੇ ਛਾਕੇ ਦਸਨ ਪਾਤ ਕ੍ਰਾਂਤ ਮੋਤੀਅਨ ਕੀ
ਪਾਰੀ ਹੈ । ਕੋਕਲਾ ਕਲਾਪੀ ਕੀਰ ਪੀਰਤ
ਕਪੋਤ ਜੋਤ ਸਚੀਰਤਿ ਰੰਭਾ ਜਨ ਪੰਨਿਗ
ਕੁਮਾਰੀ ਹੈ। ਗਜ ਸੋ ਗਮਨ ਹਾਰੀ ਹਰ ਸੋ
ਰਮਨ ਕਿਧੋਂ ਬਿਸ਼ਨਸਿੰਘ ਰਾਧੇ ਸਮ ਸੁੰਦਰ
ਇਕਨਾਰੀ ਹੈ ॥ ੧੭ ॥ ਕ: ॥ ਦਾਨੇ ਹੈ
ਅਨਾਰ ਦੰਦ ਚੰਦ ਸੀਸ ਸੋਹਿਤ ਹੈ ਹੋਠ ਲਾਲ
ਦੇਖ ਲਾਲ ਲਾਲੀ ਨਾਲ ਹੱਤ ਹੈ। ਨੈਨ ਹੈ ਕਟਾਰ
ਧਾਰ ਨਾਗ ਜਿਉਂ ਲਗਾਤ ਡੰਗ ਅੰਗ ਅੰਗ
ਸੰਗ ਕੇ ਅਨੰਗ ਜੋ ਰਹਤ ਹੈ। ਹੀਰਨ ਕੋ ਹਾਰ
ਲਾਲ ਚਾਲ ਹੈ ਗਜਿੰਦ ਜੈਸੀ ਸੁੰਦਰ ਸਰੀਰ

ਸੀਧਾ ਸਰੂ ਸਾ ਸੁਹਾਤ ਹੈ॥ ਕੋਕਲ ਸਾ ਕੰਠ ਕੰਠੀ
ਹਸ ਹਾਰ ਚੌਕੀ ਸ਼ੌਕੀ ਏਹੋਲੀ ਹੈ ਨਾਰ ਬਿਸ਼ਨ
ਸਿੰਘ ਜੋ ਕਹੱਤ ਹੈ॥ ੧੮॥ ਕਃ ਸੁਕੀਨ ਨ ਕੀ
ਰੀਤ ਪ੍ਰੀਤ ਖੂਬਹੀ ਸੁਫੈਦੀ ਸੰਗ ਸਾਬਨ ਔ
ਤੇਲ ਤੇ ਫੁਲੇਲ ਸਭ ਚਾਹੀਏ॥ ਅਤਰ ਅਬੀਰ
ਮੁਸਕੰਬਰ ਕਪੂਰ ਇਲਾਚੀ ਸੁਪਾਰੀ ਕਲਾਕੰਦ
ਭੀ ਮੰਗਾਏ॥ਮਿਸਰੀ ਤੇ ਚੀਨੀ ਸਰਦਾਈ ਚਾਹੇ
ਮਗਜ ਸਭ ਫੂਲ ਔ ਗੁਲਾਬ ਤੇ ਬਾਦਾਮ
ਗਰੀ ਪਾਈਏ॥ ਖਾਨੇ ਕੋ ਚਪਾਤੀ ਰਾਤੀ
ਸੋਵਨੇ ਕੋ ਖੂਬ ਸੇਜ ਤਬਹੀ ਸੁਕੀਨਨ
ਕੀ ਰੀਤ ਚਿਤ ਲਾਈਏ॥ ੧੯॥ ਕਃ ॥ ਸੁਭੇ
ਪਾਨੀ ਗਰਮ ਨਰਮ ਬਟਨਾ ਮਲਾਇ ਨ੍ਹਾਇ
ਦਹੀ ਗਰੀ ਤੇਲ ਔ ਫੁਲੇਲ ਭੀ ਮੰਗਾਈਏ॥
ਹਵਾਸੇ ਬਚਾਇ ਚੌਕੀ ਚੰਨਣ ਡਹਾਇ ਗਾਗਰ
ਗੜਵਾ ਗਲਾਸ ਪਾਸ ਤਿਸਦੇ ਰਖਾਈਏ॥
ਪਊਏ ਪਹਿਰਾਇ ਪਾਸ ਪਲੰਘ ਤਦੋ ਆਇ
ਸੀਸਾ ਸਾਮਨੇ ਟਿਕਾਇ ਕੇ ਪੌਸ਼ਾਕ ਪਹਿਰਾਈਏ॥
ਪੌਸ਼ਾਕ ਕੋ ਸਵਾਰ ਧਾਰ ਸੈਰ ਕੋ ਤਿਆਰ ਸੋ ਸੁ-
ਕੀਨਨ ਕੀ ਰੀਤ ਬਿਸ਼ਨ ਸਿੰਘ ਇਉਂ ਬਤਾਈ

ਏ ॥੨੦॥ ਕਬਿੱਤੁ॥ ਐਤਵਾਰ ਆਇਕੇ ਦੀਦਾਰ
ਦੇਹ ਆਸਕਾਂ ਨੂੰ ਸੋਮਵਾਰ ਸੁਕਰ ਮਨਾਵਾਂ
ਤੇਰੀ ਜਾਨਦਾ ॥ ਮੰਗਲ ਨਾ ਮਾਰ ਸਾਨੂੰ ਬੁਧ
ਵਾਰ ਬਾਨ ਨਾਲ ਵੀਰਵਾਰ ਵਾਸਤਾ ਹੈ ਇਕ
ਤੇਰੇ ਧਿਆਨ ਦਾ ॥ ਸ਼ੁਕਰ ਸੁਨਾਵਾਂ ਕੈਨੂੰ ਦਿਲੇ
ਦਾ ਹਵਾਲ ਸਈਆਂ ਸਨੀਵਾਰ ਸੋਚ ਕਰ ਕੰਮ
ਹੈ ਹਿਸਾਨ ਦਾ ॥ ਰਲਾਸਿੰਘ ਯਾਰ ਦਾ ਖਿਆਲ
ਰਹਿਆ ਵਿਚ ਤੇਰੇ ਵੇਰਨਾ ਦੀਦਾਰ ਹੋਇਆ
ਕਦੀ ਮੇਹਰਬਾਨਦਾ ॥ ੧ ॥੨੧ ॥